# NEWS RELEASE

ਪ੍ਰੈੱਸ ਰਿਲੀਜ਼

ਤੁਰੰਤ ਜਾਰੀ ਕਰਨ ਲਈ
ਰਿਲੀਜ਼ ਨੰਬਰ
5 ਦਸੰਬਰ, 2018

ਪ੍ਰੀਮੀਅਰ ਦਫਤਰ
ਇਨਵਾਇਰਮੈਂਟ ਅਤੇ ਕਲਾਈਮੇਟ ਚੇਂਜ ਸਟਰੈਟਜੀ ਮੰਤਰਾਲਾ

ਕਲੀਨ ਬੀ.ਸੀ. ਜਲਵਾਯੂ ਪ੍ਰਦੂਸ਼ਣ ਘਟਾਉਣ ਦੀ ਯੋਜਨਾ ਨਾਲ, ਲੋਅ-ਕਾਰਬਨ ਆਰਥਿਕਤਾ ਦਾ ਨਿਰਮਾਣ

ਵੈਨਕੂਵਰ: ਸੂਬਾਈ ਸਰਕਾਰ ਨੇ ਆਪਣੇ ਜਲਵਾਯੂ ਪ੍ਰਦੂਸ਼ਣ ਨੂੰ ਘੱਟ ਕਰਨ, ਲੋਕਾਂ, ਵਪਾਰਾਂ ਅਤੇ ਕਮਿਊਨਟੀਆਂ ਲਈ ਵਧੇਰੇ ਨੌਕਰੀਆਂ ਅਤੇ ਆਰਥਿਕ ਮੌਕਿਆਂ ਦਾ ਨਿਰਮਾਣ ਕਰਨ ਲਈ ਆਪਣੀ ਕਲੀਨ ਬੀ.ਸੀ. ਯੋਜਨਾ ਜਾਰੀ ਕਰ ਦਿੱਤੀ ਹੈ।

"ਲੋਅ-ਕਾਰਬਨ ਆਰਥਿਕਤਾ ਜਿਸਦਾ ਅਸੀਂ ਇੱਕਠੇ ਨਿਰਮਾਣ ਕਰਦੇ ਹਾਂ, ਸੂਬੇ ਭਰ ਵਿੱਚ ਮੌਕੇ ਅਤੇ ਨੌਕਰੀਆਂ ਲੈ ਕੇ ਆਵੇਗੀ ਤਾਂ ਕਿ ਲੋਕ ਉਹਨਾਂ ਕਮਿਊਨਟੀਆ ਜਿਸਨੂੰ ਉਹ ਘਰ ਕਹਿੰਦੇ ਹਨ, ਵਿੱਚ ਵਧੇਰੇ ਸੁਰੱਖਿਆ ਨਾਲ ਰਹਿ ਸਕਣ ਅਤੇ ਕੰਮ ਕਰ ਸਕਣ," ਪ੍ਰੀਮੀਅਰ ਜੌਨ੍ਹ ਹੌਰਗਨ ਨੇ ਕਿਹਾ। "ਸਾਫ, ਨਵਿਆਉਣ ਊਰਜਾ ਵੱਲ ਵੱਧਦੇ ਹੋਏ- ਜਿਵੇਂ ਸਾਡੀ ਬੀ.ਸੀ. ਇਲੈਕਟਰਸਿਟੀ ਦੀ ਵੱਧਦੀ ਮੰਗ-ਅਸੀਂ ਆਪਣੀ ਵਧ ਰਹੀ ਆਰਥਿਕਤਾ ਦਾ ਵਿਕਾਸ ਕਰ ਸਕਦੇ ਹਾਂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਵਾਸੀਆਂ ਲਈ ਜ਼ਿੰਦਗੀ ਨੂੰ ਹੋਰ ਕਫਾਇਤੀ ਬਣਾ ਸਕਦੇ ਹਾਂ"।

ਕਲੀਨ ਬੀ.ਸੀ. ਯੋਜਨਾ ਦੀ ਪੇਸ਼ਕਾਰੀ ਮੌਕੇ ਪ੍ਰੀਮੀਅਰ ਜੌਨ੍ਹ ਹੌਰਗਨ ਨੇ ਕਿਹਾ ਕਿ ਸਾਡੀ ਸਰਕਾਰ ਦੀ ਪ੍ਰਾਥਮਿਕਤਾ ਹੈ:

- ਘਰਾਂ, ਗੱਡੀਆਂ,ਉਦਯੋਗ, ਵਪਾਰਾਂ ਨੂੰ ਜੈਵਿਕ ਬਾਲਣ ਤੋਂ ਹਟਾ ਕੇ ਅਤੇ ਬੀ.ਸੀ. ਇਲੈਕਟਰਸਿਟੀ ਅਤੇ ਹੋਰ ਨਵਿਆਉਣ ਊਰਜਾ ਦੀ ਵਰਤੋਂ ਵੱਲ ਲਗਾ ਕੇ ਹਵਾ ਪ੍ਰਦੂਸ਼ਣ ਨੂੰ ਘਟਾਉਣਾ।
- ਊਰਜਾ-ਨਿਪੁੰਨਤਾ ਵਾਲੇ ਹੱਲ ਵਧਾ ਕੇ, ਜਿਵੇਂ ਜ਼ੀਰੋ-ਨਿਕਾਸ ਗੱਡੀਆਂ ਅਤੇ ਹੋਮ ਹੀਟ ਪੰਪਾਂ ਨੂੰ, ਬ੍ਰਿਟਿਸ਼ ਕੋਲੰਬੀਆ ਦੇ ਵਾਸੀਆਂ ਲਈ ਵਧੇਰੇ ਕਫਾਇਤੀ ਅਤੇ ਉਪਲੱਬਧ ਕਰਾ ਕੇ।
- ਲੋਅ-ਕਾਰਬਨ ਉਤਪਾਦਾਂ, ਸੇਵਾਵਾਂ ਅਤੇ ਪ੍ਰਦੂਸ਼ਣ ਘਟਾਉਣ ਵਾਲੀ ਤਕਨਾਲੋਜੀ ਦੀ ਵਿਸ਼ਵੀ ਮੰਗ ਨੂੰ ਪੂਰਾ ਕਰਨ ਲਈ ਨਵੇਂ ਨਿਵੇਸ਼ ਅਤੇ ਉਦਯੋਗ ਨੂੰ ਵਧਾਉਣਾ।

ਕਲੀਨ ਬੀ.ਸੀ. ਯੋਜਨਾ ਸਾਲ 2030 ਤੱਕ 40% ਗਰੀਨਹਾਊਸ ਗੈਸਾਂ ਦਾ ਨਿਕਾਸ ਘੱਟ ਕਰਨ ਦੇ ਸੂਬਾਈ ਕਾਨੂੰਨੀ ਜਲਵਾਯੂ ਟੀਚਿਆਂ ਨੂੰ ਹਾਸਲ ਕਰਨ ਲਈ ਇੱਕ ਰਸਤੇ ਵੱਜੋਂ ਉੱਨਤ ਕੀਤੀ ਗਈ, ਜੋ 2007 ਲੈਵਲ 'ਤੇ ਆਧਾਰਿਤ ਹੈ। ਇਹ ਯੋਜਨਾ ਉਹ ਮਾਪਦੰਡ ਦੱਸਦੀ ਅਤੇ ਪ੍ਰਮਾਣਿਤ ਕਰਦੀ ਹੈ ਜੋ 2030 ਟੀਚੇ ਅਨੁਸਾਰ 18.9 ਮੈਗਾਟਨ (ਐੱਮ.ਟੀ.) ਖਤਮ ਕਰੇਗੀ; ਬਾਕੀ ਬਚੀਆਂ ਕਟੌਤੀਆਂ ਦੀ ਪਹਿਲਕਦਮੀ ਅਗਲੇ 18-24 ਮਹੀਨਿਆਂ ਵਿੱਚ ਪ੍ਰਮਾਣਿਤ ਕੀਤੀ ਜਾਵੇਗੀ।

"ਕਲੀਨ ਬੀ.ਸੀ. ਨਾਲ ਬ੍ਰਿਟਿਸ਼ ਕੋਲੰਬੀਆ ਜਲਵਾਯੂ ਤਬਦੀਲੀ ਦੀ ਚੁਣੌਤੀ ਵੱਲ ਵੱਧ ਰਿਹਾ ਹੈ", ਹੌਰਗਨ ਨੇ ਕਿਹਾ। "ਹਰ ਸਾਲ ਅਸੀਂ ਅਨੋਖੀਆਂ ਜੰਗਲੀ ਅਗਾਂ ਅਤੇ ਹੜ੍ਹਾਂ ਦਾ ਸਾਹਮਣਾ ਕਰਦੇ ਹਾਂ, ਜਿਹਨਾਂ ਨਾਲ ਬਹੁਤ ਸਾਰੇ ਲੋਕਾਂ, ਵਪਾਰਾਂ ਅਤੇ ਕਮਿਊਨਟੀਆਂ ਨੂੰ ਨੁਕਸਾਨ ਹੁੰਦਾ ਹੈ। ਬੀ.ਸੀ. ਨੂੰ ਸਾਫ ਵਧੇਰੇ ਚਿਰਸਥਾਈ ਰਸਤੇ 'ਤੇ ਰੱਖਣ ਲਈ ਸਾਨੂੰ ਆਪਣੇ ਰਹਿਣ, ਕੰਮ ਕਰਨ ਅਤੇ ਕਮਿਊਟ ਨੂੰ ਬਦਲਣਾ ਪਵੇਗਾ"।

"ਜਦੋਂ ਸੰਸਾਰ ਲੋਅ ਕਾਰਬਨ ਹੱਲਾਂ ਵੱਲ ਪਰਿਵਰਤਤਿਤ ਹੋ ਰਿਹਾ ਹੈ ਕਲੀਨ ਬੀ.ਸੀ. ਸਾਡੇ ਸੂਬੇ ਨੂੰ ਸਫਲਤਾ ਵੱਲ ਲਿਜਾਵੇਗਾ", ਬੀ.ਸੀ. ਗਰੀਨ ਕੌਕਸ ਦੇ ਲੀਡਰ ਅਤੇ ਔਕ ਬੇਅ-ਗੋਰਡਨ ਹੈੱਡ ਦੇ ਐੱਮ. ਐੱਲ. ਏ ਐਨਡਰਿਊ ਵੀਵਰ ਨੇ ਕਿਹਾ। "ਇਹ ਇੱਕ ਇਕਰਾਰ ਹੈ ਕਿ ਅਸੀਂ ਕੀ ਹਾਸਲ ਕਰ ਸਕਦੇ ਹਾਂ ਜਦੋਂ ਅਸੀਂ ਸਾਂਝੇ ਮੁੱਲਾਂ ਅਤੇ ਇੱਕਠੇ ਕੰਮ

ਕਰਨ ਵੱਲ ਵਧਣਾ ਸਵੀਕਾਰਾਂਗੇ। ਮੈਂ ਸਰਕਾਰ, ਵਪਾਰ ਅਤੇ ਹੋਰ ਸਾਝੇਦਾਰਾਂ ਨਾਲ ਇਸ ਯੋਜਨਾ ਤੇ ਕੰਮ ਕਰਨ ਲਈ ਵੀ ਉਤਸੁਕ ਹਾਂ ਤਾਂ ਕਿ ਬ੍ਰਿਟਿਸ਼ ਕੋਲੰਬੀਆ ਦੇ ਵਾਸੀ ਇੱਕ ਬਿਹਤਰ ਭਵਿੱਖ ’ਤੇ ਭਰੋਸਾ ਕਰ ਸਕਣ ਜਿੱਥੇ ਸਾਰੀਆਂ ਕਮਿਊਨਟੀਆ ਇੱਕ ਵੱਧ ਰਹੀ ਆਰਥਿਕਤਾ ਅਤੇ ਪੀੜ੍ਹੀਆਂ ਲਈ ਇੱਕ ਬਿਹਤਰ ਕੁਆਲਟੀ ਵਾਲੀ ਜ਼ਿੰਦਗੀ ਦੇ ਆਨੰਦ ਲੈ ਸਕਣ।

ਕਲੀਨ ਬੀ ਸੀ. ਯੋਜਨਾ ਦੀਆ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ:

- ਹੁਣ ਤੋਂ 20 ਸਾਲਾਂ ਤੱਕ ਬੀ.ਸੀ. ਵਿੱਚ ਵਿਕਣ ਵਾਲੀ ਹਰ ਕਾਰ ਜ਼ੀਰੋ-ਅਮੀਸ਼ਨ ਵਹੀਕਲ ਹੋਵੇਗੀ। ਅਸੀਂ ਈਂਧਣ ‘ਤੇ ਇਨਸੈਨਟਿਵ ਪ੍ਰੋਗਰਾਮ ਨਾਲ ਲੋਕਾਂ ਨੂੰ ਕਫਾਇਤੀ ਸਾਫ ਕਾਰਾਂ ਮੁਹੱਈਆ ਕਰਾਉਣ ਅਤੇ ਈਂਧਣ ’ਤੇ ਬਚੱਤ ਕਰਨ ਵਿੱਚ ਮਦਦ ਕਰ ਰਹੇ ਹਾਂ। ਅਤੇ ਉਸਨੂੰ ਚਾਰਜ ਕਰਨਾ ਜਾਂ ਈਂਧਣ ਪਵਾਉਣਾ ਆਸਾਨ ਬਣਾ ਰਹੇ ਹਾਂ। 2030 ਤੱਕ 1.3 ਐੱਮ.ਟੀ. ਕਾਰਬਨ ਪ੍ਰਦੂਸ਼ਣ ਘਟਾ ਕੇ।
- ਅਸੀਂ ਗੈਸ ਪੰਪਾਂ ਤੋਂ ਵਧੇਰੇ ਸਾਫ ਈਂਧਣ ਲਿਆਉਣ ਲਈ ਤੇਜ਼ੀ ਨਾਲ ਕੰਮ ਕਰ ਰਹੇ ਹਾਂ- ਆਪਣੇ ਪਰਿਵਹਨਾਂ ਦੇ ਈਂਧਣ ਲਈ ਕਾਰਬਨ ਪ੍ਰਬਲਤਾ ਵਿੱਚ ਹੋਰ ਕਟੌਤੀਆਂ ਨਾਲ। 2030 ਤੱਕ 4.0 ਐੱਮ.ਟੀ. ਕਾਰਬਨ ਪ੍ਰਦੂਸ਼ਣ ਘਟਾ ਕੇ।
- ਸਾਡਾ ਟੀਚਾ ਹੈ ਕਿ 2032 ਤੱਕ ਬੀ.ਸੀ. ਵਿੱਚ ਉਸਰਨ ਵਾਲੀ ਹਰ ਨਵੀਂ ਬਿਲਡਿੰਗ ਨੂੰ ‘ਨੈੱਟ ਜ਼ੀਰੋ ਐਨਰਜੀ ਰੈਡੀ’ ਬਣਾਉਣਾ ਯਕੀਨੀ ਹੋਵੇ। ਇਸਦੇ ਨਾਲ ਹੀ ਸਾਨੂੰ ਵਧੇਰੇ ਨਿਪੁੰਨ ਨਵੀਆਂ ਬਿਲਡਿੰਗਾਂ ਦੀ ਜ਼ਰੂਰਤ ਹੈ ਅਤੇ ਅਸੀਂ ਆਪਣੇ ਮੌਜੂਦਾ ਘਰਾਂ ਅਤੇ ਦਫਤਰਾਂ ਦੀਆਂ ਰੈਨੋਵੇਸ਼ਨਾਂ (ਨਵੀਨੀਕਰਣ) ਅਤੇ ਊਰਜਾ ਸੰਯੋਜਨਾ ਲਈ ਫੰਡਿੰਗ ਦਾ ਫੈਲਾਅ ਕਰ ਰਹੇ ਹਾਂ-ਇਸ ਵਿੱਚ ਸੰਯੋਜਨਾਂ ਨੂੰ ਸਹਿਯੋਗ ਦੇਣ ਲਈ $400 ਮਿਲੀਅਨ ਅਤੇ ਜਨਤਕ ਫੰਡਿੰਗ ਬੀ.ਸੀ. ਸਟੋਕ ਦੇ ਘਰਾਂ ਲਈ ਅਪਗਰੇਡ ਸ਼ਾਮਲ ਹਨ। 2030 ਤੱਕ 2.0 ਐੱਮ.ਟੀ. ਕਾਰਬਨ ਪ੍ਰਦੂਸ਼ਣ ਘਟਾ ਕੇ।
- ਅਸੀਂ ਰਿਹਾਇਸ਼ੀ ਅਤੇ ਉਦਯੋਗਿਕ ਆਰਗੈਨਿਕ ਕਚਰੇ ਨੂੰ ਘਟਾ ਰਹੇ ਹਾਂ ਅਤੇ ਇਸਨੂੰ ਸੰਸਾਧਨਾਂ ਵਿੱਚ ਬਦਲ ਰਹੇ ਹਾਂ। 2030 ਤੱਕ 0.7 ਐੱਮ.ਟੀ. ਕਾਰਬਨ ਪ੍ਰਦੂਸ਼ਣ ਘਟਾ ਕੇ।
- ਅਸੀਂ ਉਦਯੋਗ ਦਾ ਨਿਕਾਸ ਘੱਟ ਕਰਨ ਅਤੇ ਪ੍ਰਦੂਸ਼ਣ ਘਟਾਉਣ ਵਿੱਚ ਮਦਦ ਕਰ ਰਹੇ ਹਾਂ। 2030 ਤੱਕ 8.4 ਐੱਮ.ਟੀ. ਕਾਰਬਨ ਪ੍ਰਦੂਸ਼ਣ ਘਟਾ ਕੇ।

ਵਾਧੂ ਹਵਾਲੇ

ਕਲੀਨ ਬੀ.ਸੀ. ਸਾਡੀਆਂ ਕਮਿਉਨਟੀਆਂ ਨੂੰ ਮਜ਼ਬੂਤ ਅਤੇ ਆਉਣ ਵਾਲੇ ਦਹਾਕਿਆਂ ਲਈ ਵਧੇਰੇ ਜੋਸ਼ਪੂਰਣ ਬਣਾਉਣ ਲਈ ਬੀ.ਸੀ. ਦਾ ਵਿਸ਼ੇਸ਼ ਪ੍ਰਸਤਾਵ ਹੈ ਜਦੋਂ ਕਿ ਅਸੀਂ ਵਿਸ਼ਵੀ ਜਲਵਾਯੂ ਤਬਦੀਲੀ ਦੀ ਚੁਨੌਤੀ ਦਾ ਸਾਹਮਣਾ ਕਰ ਰਹੇ ਹਾਂ।ਅਸੀਂ ਲੋਅ ਕਾਰਨ ਆਰਥਿਕਤਾ ਦਾ ਨਿਰਮਾਣ ਕਰ ਸਕਦੇ ਹਾਂ ਜਿਸ ਵਿੱਚ ਸਾਰੇ ਸੈਕਟਰ ਅਤੇ ਕਾਮੇ ਸ਼ਾਮਲ ਹੋਣ।ਰਲ ਕੇ ਅਸੀਂ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰ ਸਕਦੇ ਹਾਂ ਅਤੇ ਜ਼ਿੰਦਗੀ ਨੂੰ ਅੱਜ ਲਈ ਕਫਾਇਤੀ ਬਣਾ ਸਕਦੇ ਹਾਂ।

ਜੋਰਜ ਹੇਅਮੈਨ, ਇਨਵਾਇਰਮੈਂਟ ਅਤੇ ਕਲਾਈਮੇਟ ਚੇਂਜ ਸਟਰੈਟਜੀ ਮੰਤਰੀ

ਅਸੀਂ ਚੀਜ਼ਾ ਨੂੰ ਵਧੇਰੇ ਨਿਪੁੰਨ ਬਣਾ ਸਕਦੇ ਹਾਂ, ਘੱਟ ਊਰਜਾ ਖਪਤ ਕਰ ਸਕਦੇ ਹਾਂ ਅਤੇ ਕੂੜਾ ਘੱਟ ਕਰ ਸਕਦੇ ਹਾਂ ਇਹ ਯਕੀਨੀ ਬਣਾਉਂਦੇ ਹੋਏ ਕਿ ਜੋ ਊਰਜਾ ਅਸੀਂ ਵਰਤਾਂਗੇ ਉਹ ਸਭ ਤੋਂ ਸਾਫ ਹੈ ਅਤੇ ਅਤੇ ਜ਼ਿਆਦਾ ਤੋਂ ਜ਼ਿਆਦਾ ਬੀ.ਸੀ. ਵਿੱਚ ਬਣਾਈ ਗਈ ਹੈ।
ਅਸੀਂ ਸੰਸਾਧਨ ਉਦਯੋਗਾਂ ਨਾਲ ਆਪਣਾ ਕੰਮ ਜਾਰੀ ਰੱਖਣ ਲਈ ਉਤਸੁਕ ਹਾਂ ਜੋ ਪਿਛਲੇ ਦੋ ਦਹਾਕਿਆਂ ਤੋਂ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਲਈ ਕੰਮ ਕਰ ਰਹੇ ਹਨ ਅਤੇ ਹੋਰ ਵਧੇਰੇ ਜ਼ਿੰਮੇਵਾਰੀ ਲਈ ਤਿਆਰ ਹਨ।
ਮਿਸ਼ੇਲ ਮੰਗਲ, ਐਨਰਜੀ, ਮਾਈਨ ਅਤੇ ਪੈਟਰੋਲੀਅਮ ਰਿਸੋਰਸਿਸ ਮੰਤਰੀ

ਵਧੇਰੇ ਜਾਣੋ:

www.cleanbc.ca

<u>ਬੈਕਗਰਾਊਂਡਰ ਅੱਗੇ ਹੈ</u>

ਜੇਨ ਹੋਲਮਵੁੱਡ
ਡਿਪਟੀ ਕਮਿਊਨੀਕੇਸ਼ਨਜ਼ ਡਾਇਰੈਕਟਰ
ਪ੍ਰੀਮੀਅਰ ਦਫਤਰ
250-818-4881

ਮੀਡੀਆ ਰਿਲੇਸ਼ਨਜ਼
ਇਨਵਾਇਰਮੈਂਟ ਅਤੇ ਕਲਾਈਮੇਟ ਚੇਂਜ ਸਟਰੈਟਜੀ ਮੰਤਰਾਲਾ
250-953-3834